**State Council of Educational Research & Training, Punjab**
Block-E, 6th Floor, Punjab School Education Board Complex
Phase 8, Sector 62, Mohali, 160062 Punjab Phone: 0172-2212221

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਪੰਜਾਬ।

ਪੱਤਰ ਨੰ.:SPC(Computer)/2026/120756
ਮਿਤੀ: 04-05-2026

**ਵਿਸ਼ਾ: 11 ਮਈ 2026 ਨੂੰ ਸਮੂਹ ਸਕੂਲਾਂ ਵਿੱਚ National Technology Day ਮਨਾਉਣ ਸਬੰਧੀ ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਹਰ ਸਾਲ 11 ਮਈ ਦਾ ਦਿਨ ਭਾਰਤ ਦੀਆਂ ਤਕਨਾਲੋਜੀ ਉਪਲੱਬਧੀਆਂ ਨੂੰ ਸਮਰਪਿਤ ਕਰਦੇ ਹੋਏ ਰਾਸ਼ਟਰੀ ਤਕਨਾਲੋਜੀ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਦਿਵਸ ਦਾ ਉਦੇਸ਼ ਵਿਦਿਆਰਥੀਆਂ ਵਿੱਚ ਵਿਗਿਆਨ, ਤਕਨਾਲੋਜੀ, innovation, ਡਿਜ਼ੀਟਲ ਸਿੱਖਿਆ ਪ੍ਰਤੀ ਜਾਗਰੁਕਤਾ ਅਤੇ ਰੁਚੀ ਪੈਦਾ ਕਰਨਾ ਹੈ। ਇਸ ਸਬੰਧੀ ਮਿਤੀ 11 ਮਈ 2026 ਨੂੰ ਪੰਜਾਬ ਦੇ ਸਮੂਹ ਸਕੂਲਾਂ ਵਿੱਚ **National Technology Day** ਮਨਾਉਂਦੇ ਹੋਏ ਹੇਠ ਲਿਖੀਆਂ ਗਤਿਵਿਧਿਆਂ ਕਰਵਾਈਆਂ ਜਾਣ :

1) **ਵਿਸ਼ੇਸ਼ ਸਵੇਰ ਦੀ ਸਭਾ / ਜਾਣਕਾਰੀ ਸੈਸ਼ਨ**

ਸਕੂਲ ਦੀ ਸਵੇਰ ਦੀ ਸਭਾ ਦੌਰਾਨ National Technology Day ਸਬੰਧੀ ਵਿਸ਼ੇਸ਼ ਜਾਣਕਾਰੀ ਸੈਸ਼ਨ ਕਰਵਾਏ ਜਾਣ , ਜਿਸ ਵਿੱਚ ਹੇਠ ਲਿਖੇ ਵਿਸ਼ਿਆਂ ਨੂੰ ਸ਼ਾਮਲ ਕੀਤਾ ਜਾਵੇ ;

- National Technology Day ਦਾ ਮਹੱਤਵ ।
- ਭਾਰਤ ਦੀਆਂ Science, Technology, IT, Space, ਅਤੇ Artificial Intelligence ਖੇਤਰ ਵਿੱਚ ਪ੍ਰਾਪਤ ਕੀਤੀਆਂ ਪ੍ਰਮੁੱਖ ਉਪਲੱਬਧੀਆਂ ।
- ਸਿੱਖਿਆ ਅਤੇ ਭਵਿੱਖ ਦੇ ਰੁਜ਼ਗਾਰ ਵਿੱਚ ਤਕਨਾਲੋਜੀ ਦੀ ਭੂਮਿਕਾ ਆਦਿ ।

ਜਾਣਕਾਰੀ ਸੈਸ਼ਨ ਦੇ ਅੰਤ ਵਿੱਚ ਸਮੂਹ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਤਕਨਾਲੋਜੀ ਦੇ ਨੈਤਿਕ ਉਪਯੋਗ ਅਤੇ ਸਾਈਬਰ ਸੁਰੱਖਿਆ ਸਬੰਧੀ ਸੰਕਲਪ (ਨਾਲ ਨੱਥੀ ) ਵੀ ਲਿਆ ਜਾਵੇਗਾ ।

2) **ਤਕਨਾਲੋਜੀ ਅਤੇ ਸਾਈਬਰ ਜਾਗਰੂਕਤਾ ਕੁਇੱਜ਼**

ਰਾਸ਼ਟਰੀ ਤਕਨਾਲੋਜੀ ਦਿਵਸ ਦੇ ਮੌਕੇ 'ਤੇ ਵਿਦਿਆਰਥੀਆਂ ਵਿੱਚ ਤਕਨਾਲੋਜੀ ਅਤੇ ਸਾਈਬਰ ਸੁਰੱਖਿਆ ਪ੍ਰਤੀ ਜਾਗਰੂਕਤਾ ਵਧਾਉਣ ਲਈ ਸਟੇਟ ਪੱਧਰ 'ਤੇ ਤਕਨਾਲੋਜੀ ਅਤੇ ਸਾਈਬਰ ਜਾਗਰੂਕਤਾ ਕੁਇੱਜ਼ ਕਰਵਾਈ ਜਾਵੇਗੀ। ਇਸ ਕੁਇੱਜ਼ ਦਾ ਉਦੇਸ਼ ਵਿਦਿਆਰਥੀਆਂ ਦੀ ਬੁਨਿਆਦੀ ਡਿਜ਼ੀਟਲ ਜਾਣਕਾਰੀ, ਸਾਈਬਰ ਸੁਰੱਖਿਆ ਅਤੇ ਜ਼ਿੰਮੇਵਾਰ ਡਿਜ਼ੀਟਲ ਨਾਗਰਿਕਤਾ ਸਬੰਧੀ ਸਮਝ ਦਾ ਵਿਕਾਸ ਕਰਨਾ ਹੈ।

**ਕੁਇੱਜ਼ ਲਿੰਕ ਸਾਂਝਾ ਕਰਨ ਦੀ ਪ੍ਰਕਿਰਿਆ ਹੇਠ ਲਿਖੇ ਅਨੁਸਾਰ ਹੋਵੇਗੀ :**

- State Resource Persons (ਕੰਪਿਊਟਰ) ਵੱਲੋਂ ਸਟੇਟ ਪੱਧਰ ਤੇ ਕੁਇੱਜ਼ ਤਿਆਰ ਕਰਕੇ ਲਿੰਕ District Resource Persons (Computer) ਨੂੰ ਭੇਜਿਆ ਜਾਵੇਗਾ ।
- DRPs (Computer) ਵੱਲੋਂ ਜ਼ਿਲ੍ਹੇ ਅਨੁਸਾਰ ਬਣਦੀਆਂ ਸੋਧਾਂ ਕਰਕੇ ਜ਼ਿਲ੍ਹਾ ਪੱਧਰੀ ਲਿੰਕ ਤਿਆਰ ਕੀਤਾ ਜਾਵੇਗਾ।
- ਤਿਆਰ ਕੀਤਾ ਗਿਆ ਕੁਇੱਜ਼ ਦਾ ਲਿੰਕ ਸੰਬੰਧਿਤ ਜ਼ਿਲ੍ਹਾ ਸਿੱਖਿਆ ਅਫਸਰ ((ਸੈ.ਸਿ.) ਨੂੰ ਭੇਜਿਆ ਜਾਵੇਗਾ।
- ਜ਼ਿਲ੍ਹਾ ਸਿੱਖਿਆ ਅਫਸਰ ((ਸੈ.ਸਿ.) ਵੱਲੋਂ ਇਹ ਲਿੰਕ ਆਪਣੇ ਜ਼ਿਲ੍ਹੇ ਅਧੀਨ ਆਉਂਦੇ ਸਾਰੇ ਸਰਕਾਰੀ / ਏਡਡ / ਪ੍ਰਾਈਵੇਟ ਸਕੂਲਾਂ ਨੂੰ ਭੇਜਿਆ ਜਾਵੇਗਾ।
- ਕੁਇੱਜ਼ ਦਾ ਲਿੰਕ ਮਿਤੀ 11-05-2026 ਸਵੇਰੇ 8 ਵਜੇ ਤੋਂ ਅਗਲੇ 24 ਘੰਟਿਆ ਲਈ ਲਾਈਵ ਰਹੇਗਾ। ਜਿਸ ਉਪਰੰਤ ਜਿਲ੍ਹਾ ਪੱਧਰੀ ਹੋਈ ਭਾਗੀਦਾਰੀ ਆਪ ਨਾਲ ਸਾਂਝੀ ਕੀਤੀ ਜਾਵੇਗੀ।

5.0 ਉਕਤ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਜ਼ਿਲ੍ਹੇ ਦੇ District Resource Person (Computer) ਅਤੇ ਸਮੂਹ ਸਕੂਲਾਂ ਦੇ ਮੁਖੀਆਂ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਣ ਤਾਂ ਜੋ ਉਹਨਾਂ ਵੱਲੋਂ ਉਪਰੋਕਤ ਗਤੀਵਿਧੀਆਂ ਸੁਚਾਰੂ ਢੰਗ ਨਾਲ ਕਰਵਾਉਂਦੇ ਹੋਏ ਸਮੂਹ ਵਿਦਿਆਰਥੀਆਂ ਦੀ ਭਾਗੀਦਾਰੀ ਯਕੀਨੀ ਬਣਾਈ ਜਾਵੇ।

6.0 ਸਮੂਹ ਸਕੂਲ ਮੁਖੀਆਂ ਨੂੰ ਇਹ ਵੀ ਹਦਾਇਤ ਕੀਤੀ ਜਾਵੇ ਕਿ ਕਰਵਾਈਆਂ ਗਈਆਂ ਗਤੀਵਿਧੀਆਂ ਦੀਆਂ ਤਸਵੀਰਾਂ, ਵੀਡੀਓਜ਼ ਅਤੇ ਪੋਸਟਾਂ ਨੂੰ ਨਿਰਧਾਰਤ ਹੈਸ਼ਟੈਗ **#PunjabSchoolsCelebrateTech** ਦੀ ਵਰਤੋਂ ਕਰਦੇ ਹੋਏ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਲਾਜ਼ਮੀ ਤੌਰ 'ਤੇ ਸਾਂਝਾ ਕੀਤਾ ਜਾਵੇ, ਤਾਂ ਜੋ ਇਸ ਸਬੰਧੀ ਜਾਗਰੁਕਤਾ ਵਿਆਪਕ ਪੱਧਰ ਤੱਕ ਪਹੁੰਚ ਸਕੇ।

**ਕਿਰਨ ਸ਼ਰਮਾ, ਪੀ.ਸੀ.ਐਸ.**
**ਡਾਇਰੈਕਟਰ ਐਸ.ਸੀ.ਈ.ਆਰ.ਟੀ.**
**ਪੰਜਾਬ।**

**ਪਿੱਠ ਅੰਕਣ ਨੰ.: ਉਕਤ** **ਮਿਤੀ: ਉਕਤ**

ਉਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ. ਟੂ ਡੀ.ਜੀ.ਐਸ.ਈ., ਪੰਜਾਬ।
2. ਪੀ.ਏ. ਟੂ ਡਾਇਰੈਕਟਰ ਐਸ. ਸੀ.ਈ.ਆਰ.ਟੀ, ਪੰਜਾਬ।
3. MIS ਨੂੰ ਵੈੱਬਸਾਈਟ ਤੇ ਅਪਲੋਡ ਕਰਨ ਹਿਤ।
4. ਜਿਲ੍ਹਾ ਰਿਸੋਰਸ ਪਰਸਨ (ਕੰਪਿਊਟਰ) ।

**ਡਾ. ਰਾਜੀਵ ਕੁਮਾਰ**
**ਸਹਾਇਕ ਡਾਇਰੈਕਟਰ (AQT)**
**ਐਸ.ਸੀ.ਈ.ਆਰ.ਟੀ.ਪੰਜਾਬ।**

# ਰਾਸ਼ਟਰੀ ਤਕਨਾਲੋਜੀ ਦਿਵਸ 2026 – ਸੰਕਲਪ (Pledge)

**ਅਸੀ ਅੱਜ ਰਾਸ਼ਟਰੀ ਤਕਨਾਲੋਜੀ ਦਿਵਸ ਦੇ ਮੌਕੇ ‘ਤੇ ਇਹ ਵਚਨ ਲੈਂਦੇ ਹਾਂ ਕਿ:-**

ਅਸੀਂ ਤਕਨਾਲੋਜੀ ਨੂੰ ਸਿਰਫ਼ ਸੁਵਿਧਾ ਲਈ ਨਹੀਂ, ਸਗੋਂ ਸਿੱਖਣ, ਸੋਚਣ ਅਤੇ ਸਮਾਜ ਦੀ ਭਲਾਈ ਲਈ ਵਰਤਾਂਗੇ।

ਅਸੀਂ ਮੋਬਾਈਲ, ਕੰਪਿਊਟਰ ਅਤੇ ਇੰਟਰਨੈੱਟ ਦਾ ਸਹੀ, ਸੁਰੱਖਿਅਤ ਅਤੇ ਜ਼ਿੰਮੇਵਾਰੀ ਨਾਲ ਉਪਯੋਗ ਕਰਾਂਗੇ।

ਅਸੀਂ ਨਵੀਆਂ ਚੀਜ਼ਾਂ ਸਿੱਖਣ, ਨਵੀਂ ਸੋਚ ਅਪਣਾਉਣ ਅਤੇ ਆਪਣੇ ਗਿਆਨ ਨੂੰ ਹੋਰ ਮਜ਼ਬੂਤ ਬਣਾਉਣ ਲਈ ਹਮੇਸ਼ਾ ਤਿਆਰ ਰਹਾਂਗੇ।

ਅਸੀਂ ਸਾਈਬਰ ਸੁਰੱਖਿਆ ਦੇ ਨਿਯਮਾਂ ਦੀ ਪਾਲਣਾ ਕਰਦੇ ਹੋਏ ਆਪਣੀ ਅਤੇ ਹੋਰਨਾਂ ਦੀ ਡਿਜ਼ੀਟਲ ਸੁਰੱਖਿਆ ਦਾ ਧਿਆਨ ਰੱਖਾਂਗੇ।

ਅਸੀਂ ਤਕਨਾਲੋਜੀ ਨੂੰ ਵਾਤਾਵਰਣ ਦੀ ਰੱਖਿਆ, ਸਮਾਜ ਦੀ ਤਰੱਕੀ ਅਤੇ ਦੇਸ਼ ਦੇ ਵਿਕਾਸ ਲਈ ਵਰਤਣ ਦਾ ਯਤਨ ਕਰਾਂਗੇ।

ਅਸੀਂ ਇੱਕ ਜ਼ਿੰਮੇਵਾਰ, ਜਾਗਰੁਕ ਅਤੇ ਡਿਜ਼ੀਟਲ ਭਾਰਤ ਦੇ ਨਿਰਮਾਣ ਵਿੱਚ ਆਪਣਾ ਯੋਗਦਾਨ ਪਾਵਾਂਗੇ।